Distr.: General
31 Octobet 2000

# ਪ੍ਰਸਤਾਵ 1325 (2000)

**ਸੈਕਿਊਰਿਟੀ ਕਾਊਂਸਿਲ ਨੇ 31 ਅਕਤੂਬਰ 2000 ਨੂੰ ਆਪਣੀ 4213ਵੀਂ ਮੀਟਿੰਗ ਵਿਚ ਅਪਣਾਇਆ**

*ਸੈਕਿਊਰਿਟੀ ਕਾਊਂਸਿਲ*

ਆਪਣੇ 25 ਅਗਸਤ 1999 ਦੇ ਪ੍ਰਸਤਾਵ 1261 (1999), 17 ਸਤੰਬਰ 1999 ਦੇ ਪ੍ਰਸਤਾਵ 1265 (1999), 19 ਅਪ੍ਰੈਲ 2000 ਦੇ ਪ੍ਰਸਤਾਵ 1296 (2000), 11 ਅਗਸਤ 2000 ਦੇ ਪ੍ਰਸਤਾਵ 1314 (2000) ਨੂੰ ਅਤੇ 8 ਮਾਰਚ 2000 ਨੂੰ ਯੂਨਾਈਟਿਡ ਨੇਸ਼ਨਜ਼ ਡੇ ਫ਼ਾਰ ਵਿਮੈਨਜ਼ ਰਾਈਟਸ ਅਤੇ ਇੰਟਰਨੈਸ਼ਨਲ ਪੀਸ (ਇੰਟਰਨੈਸ਼ਨਲ ਵਿਮੈਨਜ਼ ਡੇ) ’ਤੇ ਆਪਣੇ ਪ੍ਰਧਾਨ ਦੇ ਪ੍ਰੈਸ ਨੂੰ ਦਿੱਤੇ ਸੰਬੰਧਤ ਬਿਆਨਾਂ (SC/6816) ਨੂੰ *ਯਾਦ ਕਰ ਕੇ*,

ਬੇਯਿੰਗ ਡੈਕਲੇਰੇਸ਼ਨ ਅਤੇ ਪਲੈਟਫ਼ਾਰਮ ਫ਼ਾਰ ਐਕਸ਼ਨ (A/52/231) ਦੀਆਂ ਵਚਨ-ਬੱਧਤਾਵਾਂ, ਅਤੇ ਯੂਨਾਈਟਿਡ ਨੇਸ਼ਨਜ਼ ਜਨਰਲ ਅਸੈਂਬਲੀ ਦੀ ਤੇਈਵੇਂ ਖ਼ਾਸ ਸੈਸ਼ਨ “ਔਰਤਾਂ 2000: ਜਿਨਸੀ ਬਰਾਬਰੀ, ਵਿਕਾਸ, ਅਤੇ ਵੀਹਵੀਂ ਸਦੀ ਵਿਚ ਸ਼ਾਂਤੀ” (A/S-23/10/Rev.1) ਦੇ ਨਤੀਜਿਆਂ, ਖ਼ਾਸ ਤੌਰ ’ਤੇ ਔਰਤਾਂ ਦੇ ਹਥਿਆਰਬੰਦ ਝਗੜੇ ਬਾਰੇ ਨਤੀਜਿਆਂ ਨੂੰ ਵੀ *ਯਾਦ ਕਰ ਕੇ*,

ਯੂਨਾਈਟਿਡ ਨੇਸ਼ਨਜ਼ ਦੇ ਚਾਰਟਰ ਦੇ ਅਸੂਲਾਂ ਅਤੇ ਇਸ ਚਾਰਟਰ ਦੇ ਤਹਿਤ ਸੈਕੁਰਿਟੀ ਕਾਊਂਸਿਲ ਕੌਮਾਂਤਰੀ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖਣ ਦੀ ਮੁੱਖ ਜ਼ਿੰਮੇਦਾਰੀ ਨੂੰ *ਧਿਆਨ ਵਿਚ ਰੱਖ ਕੇ*,

ਇਹ *ਚਿੰਤਾ ਪ੍ਰਗਟ* ਕਰਦੀ ਹੈ ਕਿ ਹਥਿਆਰਬੰਦ ਝਗੜਿਆਂ ਦਾ ਨਿਸ਼ਾਨਾ ਬਣਨ ਵਾਲੇ ਜ਼ਿਆਦਾਤਰ ਲੋਕ ਸਿਵਲੀਅਨ, ਖ਼ਾਸ ਤੌਰ ’ਤੇ ਔਰਤਾਂ ਅਤੇ ਬੱਚੇ ਹੁੰਦੇ ਹਨ, ਜੋ ਸ਼ਰਨਾਰਥੀ ਅਤੇ ਦੇਸ਼ ਦੇ ਅੰਦਰ ਹੀ ਬੇਘਰ ਹੋ ਜਾਂਦੇ ਹਨ ਅਤੇ ਲੜਾਈ ਕਰਨ ਵਾਲੇ ਹਥਿਆਰਬੰਦ ਲੋਕ ਇਹਨਾਂ ਨੂੰ ਵੱਧ ਤੋਂ ਵੱਧ ਨਿਸ਼ਾਨਾ ਬਣਾਉਂਦੇ ਹਨ, ਅਤੇ *ਸਮਝਦੀ* ਹੈ ਕਿ ਸਥਾਈ ਸ਼ਾਂਤੀ ਅਤੇ ਸਮਝੌਤੇ ’ਤੇ ਇਹਦਾ ਕੀ ਅਸਰ ਪੈਂਦਾ ਹੈ,

ਝਗੜਿਆਂ ਨੂੰ ਨਿਪਟਾਉਣ ਅਤੇ ਸ਼ਾਂਤੀ ਸਥਾਪਤ ਕਰਨ ਵਿਚ ਔਰਤਾਂ ਦੇ ਰੋਲ ਬਾਰੇ *ਫਿਰ ਪੁਸ਼ਟੀ ਕਰਦੀ ਹੈ*, ਅਤੇ ਸ਼ਾਂਤੀ ਅਤੇ ਸੁਰੱਖਿਆ ਸਥਾਪਤ ਕਰਨ ਅਤੇ ਕਾਇਮ ਰੱਖਣ ਵਿਚ ਔਰਤਾਂ ਦੇ ਯੋਗਦਾਨ ’ਤੇ ਅਤੇ ਝਗੜੇ ਨੂੰ ਰੋਕਣ ਅਤੇ ਸਮਝੌਤਾ ਕਰਵਾਉਣ ਦੇ ਫ਼ੈਸਲਿਆਂ ਵਿਚ ਔਰਤਾਂ ਨੂੰ ਸ਼ਾਮਿਲ ਕਰਨ ’ਤੇ *ਜ਼ੋਰ ਦਿੰਦੀ ਹੈ*,

ਕੌਮਾਂਤਰੀ ਮਾਨਵਤਾਵਾਦੀ ਅਤੇ ਮਾਨਵੀ ਅਧਿਕਾਰਾਂ ਦੇ ਕਾਨੂੰਨਾਂ ਨੂੰ ਲਾਗੂ ਕਰਨ ਦੀ ਵੀ *ਫਿਰ ਪੁਸ਼ਟੀ ਕਰਦੀ ਹੈ*, ਜਿਹਨਾਂ ਰਾਹੀਂ ਝਗੜਿਆਂ ਤੋਂ ਬਾਅਦ ਔਰਤਾਂ ਅਤੇ ਕੁੜੀਆਂ ਦੇ ਹੱਕਾਂ ਦੀ ਰਾਖੀ ਹੋ ਸਕੇ,

ਇਸ ਗੱਲ ’ਤੇ *ਜ਼ੋਰ ਦਿੰਦੀ ਹੈ* ਕਿ ਸਭ ਧਿਰਾਂ ਮਾਈਨਾਂ ਸਾਫ਼ ਕਰਨ ਅਤੇ ਮਾਈਨਾਂ ਬਾਰੇ ਜਾਣਕਾਰੀ ਦੇਣ ਦੇ ਪ੍ਰੋਗਰਾਮਾਂ ਵਿਚ ਔਰਤਾਂ ਅਤੇ ਕੁੜੀਆਂ ਦੀਆਂ ਖ਼ਾਸ ਲੋੜਾਂ ਵਲ ਧਿਆਨ ਦੇਣ,

ਸ਼ਾਂਤੀ ਕਾਇਮ ਰੱਖਣ ਦੇ ਕੰਮਾਂ ਵਿਚ ਲਿੰਗ-ਪੱਖੀ ਨਜ਼ਰੀਏ ਨੂੰ ਸ਼ਾਮਿਲ ਕਰਨ ਦੀ ਲੋੜ ਨੂੰ *ਸਮਝਦਿਆਂ ਹੋਇਆਂ*, ਅਤੇ ਇਹਦੇ ਸੰਬੰਧ ਵਿਚ ਵਿੰਡਹੋਇਕ ਡੈਕਲੇਰੇਸ਼ਨ ਅਤੇ ਨਾਮੀਬੀਆ ਪਲਾਨ ਆੱਵ ਐਕਸ਼ਨ ਔਮ ਮੇਨਸਟ੍ਰੀਮਿੰਗ ਏ ਜੈਂਡਰ ਪਰਸਪੈਕਟਿਵ ਇਨ ਮਲਟੀਡਾਇਮੈਂਸ਼ਨਲ ਪੀਸ ਸੁਪੋਰਟ ਆਪ੍ਰੇਸ਼ਨ (S/2000/693) ਵਲ *ਧਿਆਨ ਦਿੰਦਿਆਂ ਹੋਇਆਂ*,

ਸ਼ਾਂਤੀ ਕਾਇਮ ਰੱਖਣ ਲਈ ਜ਼ਿੰਮੇਦਾਰ ਸਭ ਕਰਮਚਾਰੀਆਂ ਨੂੰ ਹਿਫ਼ਾਜ਼ਤ, ਖ਼ਾਸ ਲੋੜਾਂ ਅਤੇ ਝਗੜੇ ਵਾਲੇ ਹਾਲਾਤ ਵਿਚ ਔਰਤਾਂ ਅਤੇ ਬੱਚਿਆਂ ਦੇ ਮਾਨਵੀ ਅਧਿਕਾਰਾਂ ਬਾਰੇ ਪ੍ਰਧਾਨ ਵਲੋਂ ਪ੍ਰੈਸ ਨੂੰ 8 ਮਾਰਚ 2000 ਨੂੰ ਦਿੱਤੇ ਬਿਆਨ ਵਿਚ ਸ਼ਾਮਿਲ ਸਿਫ਼ਾਰਿਸ਼ਾਂ ਨੂੰ *ਸਮਝਦਿਆਂ ਹੋਇਆਂ ਵੀ*,

ਇਹ *ਸਮਝਣ ਨਾਲ* ਕਿ ਹਥਿਆਰਬੰਦ ਝਗੜਿਆਂ ਦੇ ਔਰਤਾਂ ਅਤੇ ਕੁੜੀਆਂ ’ਤੇ ਪੈਣ ਵਾਲੇ ਅਸਰ ਨੂੰ ਸਮਝਣ ਨਾਲ ਉਹਨਾਂ ਦੀ ਹਿਫ਼ਾਜ਼ਤ ਅਤੇ ਸ਼ਾਂਤੀ ਸਥਾਪਨਾ ਦੇ ਕੰਮ ਵਿਚ ਮੁਕੰਮਲ ਸ਼ਿਰਕਤ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ,

ਹਥਿਆਰਬੰਦ ਝਗੜਿਆਂ ਦੇ ਔਰਤਾਂ ਅਤੇ ਕੁੜੀਆਂ ’ਤੇ ਪੈਣ ਵਾਲੇ ਅਸਰਾਂ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਲੋੜ ਨੂੰ *ਸਮਝਦਿਆਂ* ਹੋਇਆਂ,

1. ਮੈਂਬਰ ਦੇਸ਼ਾਂ ਨੂੰ *ਅਨੁਰੋਧ ਕਰਦੀ* ਹੈ ਕਿ ਉਹ ਝਗੜੇ ਰੋਕਣ, ਸੰਭਾਲਣ ਅਤੇ ਮਿਟਾਉਣ ਲਈ ਸਭ ਕੌਮੀ, ਖੇਤਰੀ ਅਤੇ ਕੌਮਾਂਤਰੀ ਸੰਸਥਾਵਾਂ ਅਤੇ ਪ੍ਰਬੰਧਾਂ ਵਿਚ ਹਰ ਪੱਧਰ ’ਤੇ ਫ਼ੈਸਲੇ ਕਰਨ ਦੇ ਕੰਮ ਵਿਚ ਔਰਤਾਂ ਦੀ ਨੁਮਾਇੰਦਗੀ ਨੂੰ ਵਧਾਉਣ;

2. ਸੈਕ੍ਰੇਟਰੀ ਜਨਰਲ ਨੂੰ ਉਹਦੀ ਕਾਰਜਨੀਤੀ ਦੀ ਯੋਜਨਾ (A/49/587) ਲਾਗੂ ਕਰਨ ਲਈ *ਪ੍ਰੋਤਸਾਹਨ ਦਿੰਦੀ* ਹੈ ਜਿਸ ਵਿਚ ਝਗੜਿਆਂ ਨੂੰ ਨਿਪਟਾਉਣ ਅਤੇ ਸ਼ਾਂਤੀ ਸਥਾਪਨਾ ਦੇ ਕੰਮਾਂ ਵਾਲੇ ਹਰ ਪੱਧਰ ਦੇ ਫ਼ੈਸਲਿਆਂ ਨੂੰ ਔਰਤਾਂ ਨੂੰ ਵੱਧ ਸ਼ਾਮਿਲ ਕਰਨ ਲਈ ਆਖਿਆ ਗਿਆ ਹੈ;

3. ਸੈਕ੍ਰੇਟਰੀ ਜਨਰਲ ਨੂੰ *ਅਨੁਰੋਧ ਕਰਦੀ* ਹੈ ਕਿ ਉਹ ਆਪਣੇ ਵਲੋਂ ਚੰਗੇ ਯਤਨ ਕਰਵਾਉਣ ਲਈ ਖ਼ਾਸ ਨੁਮਾਇੰਦਿਆਂ ਦੇ ਤੌਰ ’ਤੇ ਵੱਧ ਔਰਤਾਂ ਨੂੰ ਰੱਖੇ, ਇਹਦੇ ਬਾਰੇ ਮੈਂਬਰ ਦੇਸ਼ਾਂ ਨੂੰ ਆਖਦੀ ਹੈ ਕਿ ਉਹ ਇਸ ਕੰਮ ਲਈ ਬਾਕਾਇਦਾ ਵਾਰੀ ਵਾਰੀ ਰੱਖੇ ਜਾਣ ਵਾਲੇ ਲੋਕਾਂ ਵਿਚ ਆਪਣੇ ਉਮੀਦਵਾਰ ਸ਼ਾਮਿਲ ਕਰਨ;

4. ਸੈਕ੍ਰੇਟਰੀ ਜਰਨਲ ਨੂੰ *ਹੋਰ ਅਨੁਰੋਧ* ਕਰਦੀ ਹੈ ਕਿ ਉਹ ਯੂਨਾਈਟਿਡ ਨੇਸ਼ਨਜ਼ ਦੇ ਖੇਤਰੀ ਕੰਮਾਂ ਵਿਚ ਔਰਤਾਂ ਦੇ ਯੋਗਦਾਨ ਵਿਚ ਵਾਧਾ ਕਰੇ, ਖ਼ਾਸ ਤੌਰ ’ਤੇ ਮਿਲਟਰੀ ਜਾਂਚ ਪੜਤਾਲ ਕਰਨ, ਸਿਵਿਲੀਅਨ ਪੁਲਿਸ, ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੇ ਕਮਰਚਾਰੀਆਂ ਦੇ ਤੌਰ ’ਤੇ;

5. ਆਪਣੇ ਸ਼ਾਂਤੀ ਸਥਾਪਨਾ ਦੇ ਕੰਮਾਂ ਵਿਚ ਲਿੰਗ-ਪੱਖੀ ਨਜ਼ਰੀਏ ਨੂੰ ਸ਼ਾਮਿਲ ਕਰਨ ਦੀ ਇੱਛਾ *ਪ੍ਰਗਟ* ਕਰਦੀ ਹੈ, ਅਤੇ ਸੈਕ੍ਰੇਟਰੀ ਜਰਨਲ ਨੂੰ ਅਨੁਰੋਧ ਕਰਦੀ ਹੈ ਕਿ ਉਹ ਯਕੀਨੀ ਬਣਾਏ ਕਿ ਜਿੱਥੇ ਵੀ ਠੀਕ ਹੋਵੇ ਖੇਤਰੀ ਕੰਮਾਂ ਵਿਚ ਲਿੰਗ-ਪੱਖੀ ਨਜ਼ਰੀਏ ਦੇ ਅੰਸ਼ਾਂ ਨੂੰ ਸ਼ਾਮਿਲ ਕੀਤਾ ਜਾਏ;

6. ਸੈਕ੍ਰੇਟਰੀ ਜਰਨਲ ਨੂੰ ਬੇ*ਨਤੀ* ਕਰਦੀ ਹੈ ਕਿ ਉਹ ਮੈਂਬਰ ਦੇਸ਼ਾਂ ਨੂੰ ਔਰਤਾਂ ਦੇ ਹੱਕਾਂ ਅਤੇ ਖ਼ਾਸ ਲੋੜਾਂ ਅਤੇ ਸ਼ਾਂਤੀ ਕਾਇਮ ਰੱਖਣ ਅਤੇ ਸਥਾਪਤ ਕਰਨ ਵਿਚ ਔਰਤਾਂ ਦੇ ਯੋਗਦਾਨ ਬਾਰੇ ਸਿਖਲਾਈ ਦੇਣ ਲਈ ਹਿਦਾਇਤਾਂ ਅਤੇ ਸਾਮਾਨ ਦੇਵੇ, ਅਤੇ ਮੈਂਬਰ ਦੇਸ਼ਾਂ ਨੂੰ *ਸੱਦਾ ਦਿੰਦੀ* ਹੈ ਕਿ ਉਹ ਇਹਨਾਂ ਗੱਲਾਂ ਅਤੇ ਐਚ.ਆਈ.ਵੀ/ਏਡਜ਼ ਬਾਰੇ ਸੂਝ ਬੂਝ ਦੇਣ ਵਾਲੀਆਂ ਗੱਲਾਂ ਨੂੰ ਆਪਣੇ ਸ਼ਾਂਤੀ ਕਾਇਮ ਰੱਖਣ ਵਾਲੇ ਮਿਲਿਟਰੀ ਅਤੇ ਸਿਵਿਲੀਅਨ ਕਰਮਚਾਰੀਆਂ ਦੀ ਸਿਖਲਾਈ ਅਤੇ ਇਸੇ ਕਿਸਮ ਦੀ ਹੋਰ ਸਿਖਲਾਈ ਵਿਚ ਸ਼ਾਮਿਲ ਕਰਨ;

7. ਮੈਂਬਰ ਦੇਸ਼ਾਂ ਨੂੰ *ਅਨੁਰੋਧ ਕਰਦੀ* ਹੈ ਕਿ ਉਹ ਲਿੰਗ-ਪੱਖੀ ਨਜ਼ਰੀਏ ਬਾਰੇ ਸਿਖਲਾਈ ਦੇਣ ਦੇ ਕੰਮ ਲਈ ਵਾਲੰਟਰੀ ਮਾਲੀ, ਟੈਕਨੀਕਲ ਅਤੇ ਲੌਜਿਸਟੀਕਲ ਮਦਦ ਵਿਚ ਵਾਧਾ ਕਰਨ ਜਿਹਨਾਂ ਵਿਚ ਸੰਬੰਧਤ ਫ਼ੰਡ ਅਤੇ ਪ੍ਰੋਗਰਾਮ ਵੀ ਸ਼ਾਮਿਲ ਹਨ, ਜਿਵੇਂ ਕਿ ਯੂਨਾਈਟਿਡ ਨੇਸ਼ਨਜ਼ ਚਿਲਡਰਨਜ਼ ਫ਼ੰਡ, ਅਤੇ ਯੂਨਾਈਟਿਡ ਨੇਸ਼ਨਜ਼ ਹਾਈ ਕਮਿਸ਼ਨਰ ਫ਼ਾੱਰ ਰੈਫ਼ਿਊਜੀਜ਼ ਅਤੇ ਹੋਰ ਸੰਬੰਧਤ ਸੰਸਥਾਵਾਂ ਵਲੋਂ ਦਿੱਤੇ ਜਾਣ ਵਾਲੇ ਫ਼ੰਡ ਵੀ ਸ਼ਾਮਿਲ ਹਨ;

8. ਸ਼ਾਂਤੀ ਸਮਝੌਤਿਆਂ ਬਾਰੇ ਸੌਦੇਬਾਜ਼ੀ ਕਰਨ ਅਤੇ ਸਮਝੌਤੇ ਲਾਗੂ ਜਰਨ ਦੇ ਕੰਮ ਵਿਚ ਸ਼ਾਮਿਲ ਸਭ ਲੋਕਾਂ ਨੂੰ *ਆਖਦੀ* ਹੈ ਕਿ ਇਹਨਾਂ ਕੰਮਾਂ ਉਹ ਲਿੰਗ-ਪੱਖੀ ਨਜ਼ਰੀਆ ਅਪਣਾਉਣ:

(ੳ) ਝਗੜੇ ਤੋਂ ਬਾਅਦ ਦੀਆਂ ਹਾਲਤਾਂ ਵਿਚ ਲੋਕਾਂ ਦਾ ਵਟਾਂਦਰਾ ਕਰਨ ਅਤੇ ਉਹਨਾਂ ਨੂੰ ਮੁੜ ਵਸਾਉਣ, ਸਮਾਜ ਵਿਚ ਫਿਰ ਤੋਂ ਸ਼ਾਮਿਲ ਕਰਨ ਦੇ ਕੰਮ;

(ਅ) ਅਜਿਹੇ ਕੰਮ ਜੋ ਔਰਤਾਂ ਵਲੋਂ ਝਗੜਿਆਂ ਨੂੰ ਨਿਪਟਾਉਣ ਲਈ ਕੀਤੇ ਗਏ ਕੀਤੇ ਗਏ ਸ਼ਾਂਤੀ ਯਤਨਾਂ ਅਤੇ ਸਥਾਨਕ ਕੰਮਾਂ ਦੀ ਮਦਦ ਲਈ ਕੀਤੇ ਜਾਣ, ਜਿਹਨਾਂ ਔਰਤਾਂ ਵਿਚ ਸ਼ਾਂਤੀ ਸਥਾਪਨ ਕਰਨ ਅਤੇ ਸਮਝੌਤੇ ਕਰਵਾਉਣ ਵਿਚ ਸ਼ਾਮਿਲ ਹੋਣ;

(ੲ) ਅਜਿਹੇ ਕੰਮ ਜਿਹਨਾਂ ਰਾਹੀਂ ਔਰਤਾਂ ਅਤੇ ਕੁੜੀਆਂ ਦੇ ਹੱਕਾਂ ਦੀ ਰਾਖੀ ਅਤੇ ਸਤਿਕਾਰ ਕੀਤਾ ਜਾਏ, ਖ਼ਾਸ ਤੌਰ ’ਤੇ ਸੰਵਿਧਾਨ, ਚੋਣਾਂ ਦੇ ਪ੍ਰਬੰਧਾਂ, ਪੁਲਿਸ ਅਤੇ ਨਿਆਂਪਾਲਿਕਾ ਨਾਲ ਸੰਬੰਧਤ ਕੰਮ;

9. ਹਥਿਆਰਬੰਦ ਝਗੜੇ ਕਰਨ ਵਾਲੀਆਂ ਸਾਰੀਆਂ ਧਿਰਾਂ ਨੂੰ *ਆਖਦੀ* ਹੈ ਕਿ ਔਰਤਾਂ ਅਤੇ ਕੁੜੀਆਂ, ਖ਼ਾਸ ਤੌਰ ’ਤੇ ਸਿਵਲੀਅਨ, ਦੀ ਹਿਫ਼ਾਜ਼ਤ ਨਾਲ ਸੰਬੰਧਤ ਕੌਮਾਂਤਰੀ ਕਾਨੂੰਨ ਦਾ ਸਤਿਕਾਰ ਕਰਨ ਅਤੇ 1949 ਦੀ ਜੈਨੀਵਾ ਕਨਵੈਨਸ਼ਨ ਅਤੇ ਉਹਦੇ ਨਾਲ ਸੰਬੰਧਤ 1977 ਦੇ ਪ੍ਰੋਟੋਕੋਲ, 1951 ਦੀ ਰੈਫ਼ਿਊਜੀਜ਼ ਕਨਵੈਨਸ਼ਨ ਅਤੇ ਉਹਦੇ ਨਾਲ ਸਨਬੰਧਤ 1967 ਦੇ ਪ੍ਰੋਟੋਕੋਲ, ਇਲਿਮੀਨੇਸ਼ਨ ਆੱਵ ਔਲ ਫ਼ੌਰਮਜ਼ ਆੱਵ ਡਿਸਕ੍ਰਿਮੀਨੇਸ਼ਨ ਅਗੇਂਸਟ ਵਿਮੈਨ ਦੀ 1979 ਦੀ ਕਨਵੈਨਸ਼ਨ ਅਤੇ ਇਹਦੇ ਨਾਲ ਸੰਬੰਧ 1999 ਦੀ ਔਪਸ਼ਨਲ ਪ੍ਰੋਟੋਕੋਲ ਅਤੇ ਯੂਨਾਈਟਿਡ ਨੇਸ਼ਨਜ਼ ਰਾਈਟਸ ਆੱਫ਼ ਦ ਚਾਈਲਡ ਦੀ 1989 ਦੀ ਕਨਵੈਨਸ਼ਨ ਅਤੇ ਇਹਦੇ ਨਾਲ ਸੰਬੰਧਤ 25 ਮਈ 2000 ਦੀਆਂ ਦੋ ਔਪਸ਼ਨਲ ਪ੍ਰੋਟੋਕੋਲਾਂ ਅਤੇ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਦੇ ਰੋਮਨ ਸਟੈਚਿਊਟ ਵਿਚ ਸ਼ਾਮਿਲ ਗੱਲਾਂ ਦਾ ਸਤਿਕਾਰ ਕਰਨ;

10. ਹਥਿਆਰਬੰਦ ਝਗੜੇ ਕਰਨ ਵਾਲੀਆਂ ਸਾਰੀਆਂ ਧਿਰਾਂ ਨੂੰ *ਆਖਦੀ* ਹੈ ਕਿ ਹਥਿਆਰਬੰਦ ਝਗੜੇ ਦੀ ਹਾਲਤ ਵਿਚ ਉਹ ਔਰਤਾਂ ਨਾਲ ਹੋਣ ਵਾਲੀ ਜਿਨਸੀ ਹਿੰਸਾ, ਖ਼ਾਸ ਤੌਰ ’ਤੇ ਬਲਾਤਕਾਰ ਅਤੇ ਹੋਰ ਕਿਸਮ ਦੀ ਜਿਨਸੀ ਬਦਸਲੂਕੀ ਤੋਂ ਔਰਤਾਂ ਅਤੇ ਕੁੜੀਆਂ ਦੀ ਹਿਫ਼ਾਜ਼ਤ ਕਰਨ;

11. ਦੇਸ਼ਾਂ ਦੀ ਇਸ ਜ਼ਿੰਮੇਦਾਰੀ ’ਤੇ *ਜ਼ੋਰ* ਦਿੰਦੀ ਹੈ ਕਿ ਹੈ ਉਹ ਸਜ਼ਾ ਤੋਂ ਮੁਆਫ਼ੀ ਦੇਣਾ ਬੰਦ ਕਰਨ, ਅਤੇ ਨਸਲਕੁਸ਼ੀ, ਮਾਨਵਤਾ ਦੇ ਵਿਰੁੱਧ ਜੁਰਮਾਂ ਅਤੇ ਜੰਗੀ ਜੁਰਮਾਂ, ਜਿਨਾਂ ਵਿਚ ਔਰਤਾਂ ਅਤੇ ਕੁੜੀਆਂ ਨਾਲ ਜਿਨਸੀ ਬਦਸਲੂਕੀ ਅਤੇ ਹਿੰਸਾ ਵੀ ਸ਼ਾਮਿਲ ਹਨ, ਉਹਨਾਂ ’ਤੇ ਮੁਕੱਦਮਾ ਚਲਾਉਣ, ਅਤੇ ਇਹਦੇ ਸੰਬੰਧ ਜਿੱਥੋਂ ਤਕ ਹੋ ਸਕੇ ਮੁਆਫ਼ੀ ਦੇਣ ਵਾਲੇ ਜੁਰਮਾਂ ਵਿਚੋਂ ਇਹਨਾਂ ਜੁਰਮਾਂ ਨੂੰ ਕੱਢ ਦੇਣ ’ਤੇ *ਜ਼ੋਰ* ਦਿੰਦੀ ਹੈ;

12. ਹਥਿਆਰਬੰਦ ਝਗੜੇ ਕਰਨ ਵਾਲੀਆਂ ਸਾਰੀਆਂ ਧਿਰਾਂ ਨੂੰ *ਆਖਦੀ* ਹੈ ਕਿ ਸ਼ਰਨਾਰਥੀ ਕੈਂਪਾਂ ਅਤੇ ਬਸਤੀਆਂ ਦੀ ਮਨੁੱਖਤਾ ਦਾ ਸਤਿਕਾਰ ਕਰਨ ਅਤੇ ਔਰਤਾਂ ਅਤੇ ਕੁੜੀਆਂ ਦੀਆਂ ਖ਼ਾਸ ਲੋੜਾਂ ਅਤੇ ਖ਼ਾਸੀਅਤਾਂ ਵਲ ਧਿਆਨ ਦੇਣ, ਅਤੇ ਇਹਦੇ ਬਾਰੇ ਉਹ ਆਪਣੇ 19 ਨਵੰਬਰ 1998 ਦੇ ਪ੍ਰਸਤਾਵ 1208 (1998) ਅਤੇ 20 ਅਪ੍ਰੈਲ 2000 ਦੇ ਪ੍ਰਸਤਾਵ 1296 (2000) ਯਾਦ ਕਰਵਾਉਂਦੀ ਹੈ।

13. ਹਥਿਆਰਬੰਦੀ, ਫ਼ੌਜਾਂ ਹਟਾਉਣ ਅਤੇ ਮੁੜ-ਸੰਗਠਨ ਕਰਨ ਦੇ ਕੰਮ ਵਿਚ ਸ਼ਾਮਿਲ ਸਭ ਲੋਕਾਂ ਨੂੰ *ਉਤਸ਼ਾਹ ਦਿੰਦੀ* ਹੈ ਕਿ ਉਹ ਸਾਬਕਾ ਔਰਤ ਅਤੇ ਮਰਦ ਲੜਾਕੂਆਂ ਦੀਆਂ ਵੱਖ ਵੱਖ ਕਿਸਮ ਦੀਆਂ ਲੋੜਾਂ ਨੂੰ ਸਮਝਣ ਅਤੇ ਉਹਨਾਂ ’ਤੇ ਨਿਰਭਰ ਲੋਕਾਂ ਦੀਆਂ ਲੋੜਾਂ ਵਲ ਧਿਆਨ ਦੇਣ।

14. ਜਦ ਵੀ ਚਾਰਟਰ ਆੱਵ ਦ ਯੂਨਈਟਿਡ ਨੇਸ਼ਨਜ਼ ਦੇ ਆਰਟੀਕਲ 41 ਦੇ ਤਹਿਤ ਕਦਮ ਉਠਾਏ ਜਾਣਗੇ, ਉਸ ਵੇਲੇ ਸਿਵਲੀਅਨ ਆਬਾਦੀ ’ਤੇ ਪੈਣ ਵਾਲੇ ਇਹਦੇ ਅਸਰਾਂ ਵਲ, ਖ਼ਾਸ ਤੌਰ ’ਤੇ ਔਰਤਾਂ ਦੇ ਹੱਕਾਂ ਵਲ, ਧਿਆਨ ਦੇਣ ਦੀ ਆਪਣੀ ਇੱਛਾ ’ਤੇ *ਫਿਰ ਜ਼ੋਰ ਦਿੰਦੀ* ਹੈ, ਤਾਕਿ ਸਹੀ ਮਾਨਵਵਾਦੀ ਛੋਟਾਂ ਦਿੱਤੀਆਂ ਜਾ ਸਕਣ;

15. ਆਪਣੀ ਇੱਛਾ *ਪ੍ਰਗਟ* ਕਰਦੀ ਹੈ ਕਿ ਸੈਕੁਰਿਟੀ ਕਾਉਂਸਿਲ ਦੇ ਮਿਸ਼ਨ ਔਰਤਾਂ ਦੇ ਕੌਮਾਂਤਰੀ ਗਰੁਪਾਂ ਨਾਲ ਸਲਾਹ ਮਸ਼ਵਰਾ ਕਰਕੇ ਔਰਤਾਂ ਦੀਆਂ ਖ਼ਾਸ ਲੋੜਾਂ ਅਤੇ ਹੱਕਾਂ ਵਲ ਧਿਆਨ ਦੇਣ;

16. ਸੈਕ੍ਰੇਟਰੀ ਜਨਰਲ ਨੂੰ *ਸੱਦਾ* ਦਿੰਦੀ ਹੈ ਕਿ ਹਥਿਆਰਬੰਦ ਝਗੜਿਆਂ ਦੇ ਔਰਤਾਂ ਅਤੇ ਕੁੜੀਆਂ ’ਤੇ ਪੈਣ ਵਾਲੇ ਅਸਰ, ਸ਼ਾਂਤੀ ਸਥਾਪਨ ਵਿਚ ਔਰਤਾਂ ਦੇ ਯੋਗਦਾਨ ਅਤੇ ਸ਼ਾਂਤੀ ਸਥਾਪਨਾ ਅਤੇ ਝਗੜੇ ਹੱਲ ਕਰਨ ਦੇ ਕੰਮਾਂ ਵਿਚ ਲਿੰਗ-ਪੱਖੀ ਨਜ਼ਰੀਏ ਦੀ ਵਰਤੋਂ ਬਾਰੇ ਖੋਜ ਪੜਤਾਲ ਦਾ ਕੰਮ ਕਰਵਾਏ, ਅਤੇ ਉਹਨੂੰ ਇਕ *ਹੋਰ ਸੱਦਾ* ਵੀ ਦਿੰਦੀ ਹੈ ਕਿ ਇਸ ਖਜ ਪੜਤਾਲ ਦੇ ਨਤੀਜਿਆਂ ਬਾਰੇ ਸੈਕਿਉਰਿਟੀ ਕਾਉਂਸਿਲ ਨੂੰ ਰਿਪੋਰਟ ਦੇਵੇ ਅਤੇ ਇਹ ਰਿਪੋਰਟ ਯੂਨਾਈਟਿਡ ਨੇਸ਼ਨਜ਼ ਦੇ ਸਾਰੇ ਮੈਂਬਰਾਂ ਨੂੰ ਵੀ ਦੇਵੇ।

17. ਸੈਕ੍ਰੇਟਰੀ ਜਨਰਲ ਨੂੰ *ਬੇਨਤੀ ਕਰਦੀ* ਹੈ, ਕਿ ਜਿੱਥੇ ਵੀ ਜਾਇਜ਼ ਹੋਵੇ ਉਹ ਸੈਕਿਉਰਿਟੀ ਕਾਉਂਸਿਲ ਨੂੰ ਦੇਣ ਵਾਲੀ ਰਿਪੋਰਟ ਵਿਚ ਸ਼ਾਂਤੀ ਸਥਾਪਨ ਦੇ ਮਿਸ਼ਨ ਵਿਚ ਲਿੰਗ-ਸੰਬੰਧੀ ਨਜ਼ਰੀਏ ਨੂੰ ਮੁੱਖਧਾਰਾ ਵਿਚ ਲਿਆਉਣ ਅਤੇ ਔਰਤਾਂ ਅਤੇ ਕੁੜੀਆਂ ਬਾਰੇ ਹੋਰ ਪਹਿਲੂਆਂ ਦੇ ਕੰਮ ਵਿਚ ਹੋਈ ਪ੍ਰਗਤੀ ਬਾਰੇ ਜਾਣਕਾਰੀ ਨੂੰ ਸ਼ਾਮਿਲ ਕਰੇ।

18. ਇਸ ਮਸਲੇ ਬਾਰੇ ਲਗਾਤਾਰ ਸਰਗਰਮ ਰਹਿਣ ਦਾ *ਫ਼ੈਸਲਾ* ਕਰਦੀ ਹੈ।

---------------------------